fraserhealth Better health. Best in health care.

# INFORMATION BULLETIN

ਤੁਰੰਤ ਜਾਰੀ ਕਰਨ ਲਈ

6 ਮਈ, 2021

**ਫਰੇਜ਼ਰ ਹੈਲਥ ਨੇ ਕੋਵਿਡ -19 ਟੀਕਾਕਰਨ ਦਾ ਵਿਸਥਾਰ ਕਰਦੇ ਹੋਏ ਵਧੇਰੇ ਫੈਲਾਅ ਵਾਲੇ ਨਵੇਂ ਨੌ ਗੁਆਂਢਾਂ ਨੂੰ ਸ਼ਾਮਲ ਕੀਤਾ**

ਸਰ੍ਹੀ – ਜ਼ਿਆਦਾ ਫੈਲਾਅ ਵਾਲੇ ਗੁਆਂਢਾਂ ਵਿੱਚ ਲੋਕਾਂ ਨੂੰ ਟੀਕਾ ਮੁਹੱਈਆ ਕਰਾਉਣ ਦੀ ਸੂਬੇ ਦੀ ਯੋਜਨਾ ਦੇ ਹਿੱਸੇ ਵਜੋਂ, ਫਰੇਜ਼ਰ ਹੈਲਥ ਵਿਅਕਤੀਆਂ ਅਤੇ ਉਨ੍ਹਾਂ ਦੇ ਅਜ਼ੀਜ਼ਾਂ ਦੀ ਰੱਖਿਆ ਲਈ ਹੁਣ ਸਾਡੇ ਖੇਤਰ ਦੇ ਨੌ ਹੋਰ ਗੁਆਂਢਾਂ, ਜਿੱਥੇ ਅਸੀਂ ਕੋਵਿਡ-19 ਦੇ ਵੱਧ ਕੇਸ ਦੇਖ ਰਹੇ ਹਾਂ, ਵਿੱਚ 30 ਸਾਲ ਜਾਂ ਇਸ ਤੋਂ ਵੱਧ ਉਮਰ ਦੇ (1991 ਜਾਂ ਇਸ ਤੋਂ ਪਹਿਲਾਂ ਜਨਮੇ) ਲੋਕਾਂ ਨੂੰ ਟੀਕੇ ਲਗਾ ਰਹੀ ਹੈ।

ਅਸੀਂ ਪਿਛਲੇ ਮਹੀਨੇ ਐਲਾਨੇ ਜ਼ਿਆਦਾ ਫੈਲਾਅ ਵਾਲੇ ਗੁਆਂਢਾਂ ਵਿੱਚ ਉਮਰ ਦੀ ਜ਼ਰੂਰਤ ਨੂੰ 30 ਅਤੇ ਇਸ ਤੋਂ ਵੱਧ ਉਮਰ ਤੋਂ ਘਟਾ ਦਿੱਤਾ ਹੈ। ਇਹਨਾਂ ਗੁਆਂਢਾਂ ਵਿੱਚ ਰਹਿਣ ਵਾਲੇ ਯੋਗ ਲੋਕ ਹੁਣ ਟੀਕੇ ਲਈ Get Vaccinated website ‘ਤੇ ਰਜਿਸਟਰ ਕਰ ਸਕਦੇ ਹਨ ਅਤੇ ਉਹਨਾਂ ਨੂੰ ਟੀਕਾ ਬੁੱਕ ਕਰਾਉਣ ਲਈ ਤੁਰੰਤ ਸੰਪਰਕ ਕੀਤਾ ਜਾਵੇਗਾ। ਕਿਰਪਾ ਕਰਕੇ ਆਪਣੀ ਅਪੁਆਇੰਟਮੈਂਟ ਦੀ ਬੁਕਿੰਗ ਵਿੱਚ ਦੇਰੀ ਨਾ ਕਰੋ।

ਅੱਜ ਅਸੀਂ ਹੇਠ ਲਿਖੇ ਨੌ ਜ਼ਿਆਦਾ ਫੈਲਾਅ ਵਾਲੇ ਗੁਆਂਢ ਸ਼ਾਮਲ ਕਰ ਰਹੇ ਹਾਂ:

- ਸਰ੍ਹੀ (ਗਿਲਫਰਡ, ਕਲਵਰਡੇਲ)
- ਐਬਟਸਫੋਰਡ (ਸੈਂਟਰਲ, ਈਸਟ ਅਤੇ ਰੂਰਲ)
- ਲੈਂਗਲੀ (ਵਿਲੋਬਾਏ)
- ਬਰਨਬੀ (ਸਾਊਥਈਸਟ, ਸਾਊਥਵੈਸਟ)
- ਸਾਊਥ ਮਿਸ਼ਨ

ਅਸੀਂ ਇਨ੍ਹਾਂ ਜ਼ਿਆਦਾ ਫੈਲਾਅ ਵਾਲੇ ਗੁਆਂਢਾਂ ਵਿੱਚ ਲੋਕਾਂ ਲਈ ਟੀਕਾਕਰਣ ਜਾਰੀ ਰੱਖ ਰਹੇ ਹਾਂ:

- ਸਰ੍ਹੀ (ਵੈਸਟ ਨਿਊਟਨ, ਈਸਟ ਨਿਊਟਨ, ਵਾਲ੍ਹੀ, ਪੈਨੋਰਾਮਾ, ਨੋਰਥ ਸਰ੍ਹੀ, ਫਲੀਟਵੁੱਡ)
- ਨੋਰਥ ਡੈਲਟਾ
- ਪੋਰਟ ਕੁਕਿੱਟਲਮ
- ਸਾਊਥ ਲੈਂਗਲੀ ਟਾਊਨਸ਼ਿੱਪ
- ਵੈਸਟ ਐਬਟਸਫੋਰਡ

fraserhealth Better health. Best in health care.

# INFORMATION BULLETIN

ਜ਼ਿਆਦਾ ਫੈਲਾਅ ਵਾਲੇ ਗੁਆਂਢਾਂ ਦੇ ਲੋਕਾਂ ਨੂੰ ਟੀਕਾਕਰਣ ਲਈ ਤਰਜੀਹ ਦੇਣਾ ਸਾਡੇ ਖੇਤਰ ਵਿਚ ਕੋਵਿਡ-19 ਦੇ ਫੈਲਾਅ ਨੂੰ ਕਾਬੂ ਕਰਨ ਦੀ ਸਾਡੀ ਯੋਜਨਾ ਦਾ ਹਿੱਸਾ ਹੈ। ਅਸੀਂ ਤਰਜੀਹ ਵਾਲੇ ਸਮੂਹਾਂ ਅਤੇ ਸਥਾਨਾਂ ਲਈ ਟੀਕਾਕਰਨ ਜਾਰੀ ਰੱਖ ਰਹੇ ਹਾਂ, ਜਿੱਥੇ ਅਸੀਂ ਆਊਟਬਰੇਕ ਅਤੇ ਕਲੱਸਟਰ ਵੇਖ ਰਹੇ ਹਾਂ। ਇਹਨਾਂ ਖਾਸ ਗੁਆਂਢਾਂ ਵਿੱਚ ਟੀਕੇ ਮੁਹੱਈਆ ਕਰਵਾ ਕੇ ਅਸੀਂ ਵਧੇਰੇ ਲੋਕਾਂ ਦੀ ਰੱਖਿਆ ਕਰ ਸਕਦੇ ਹਾਂ ਅਤੇ ਆਪਣੇ ਭਾਈਚਾਰਿਆਂ ਵਿੱਚ ਕੋਵਿ-19 ਦੇ ਫੈਲਾਅ ਨੂੰ ਰੋਕਣ ਵਿੱਚ ਸਹਾਇਤਾ ਕਰ ਸਕਦੇ ਹਾਂ।

ਹਾਲਾਂਕਿ ਇਹ ਮਹੱਤਵਪੂਰਣ ਹੈ ਕਿ ਅਸੀਂ ਜਨਤਕ ਸਿਹਤ ਦੇ ਆਦੇਸ਼ਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਰਹੀਏ, ਕੋਵਿਡ-19 ਟੀਕੇ ਲਈ ਰਜਿਸਟਰ ਕਰਨਾ ਕੋਵਿਡ-19 ਮਹਾਂਮਾਰੀ ਨੂੰ ਪਿੱਛੇ ਛੱਡਣ ਵਿੱਚ ਸਹਾਇਤਾ ਕਰਦਾ ਹੈ ਅਤੇ ਸਾਡੀ ਸਿਹਤ ਪ੍ਰਣਾਲੀ ਦੀ ਰੱਖਿਆ ਕਰਦੇ ਹੋਏ ਉਹਨਾਂ ਲੋਕਾਂ ਨਾਲ ਮੁੜ ਜੁੜਨ ਦੇ ਇੱਕ ਕਦਮ ਨੇੜੇ ਲਿਆਉਂਦਾ ਹੈ ਜੋ ਸਾਡੇ ਬਹੁਤ ਅਜ਼ੀਜ਼ ਹਨ, ਆਪਣੀਆਂ ਪਸੰਦੀਦਾ ਗਤੀਵਧੀਆਂ ਕਰਨ ਦੀ ਇਜ਼ਾਜਤ ਦਿੰਦਾ ਹੈ ਅਤੇ ਸਾਡੇ ਭਾਈਚਾਰਿਆਂ ਵਿੱਚ ਬਿਜ਼ਨਸਾਂ ਨੂੰ ਆਮ ਕੰਮ-ਕਾਰ ਵਿੱਚ ਵਾਪਸ ਪਰਤਣ ਵਿੱਚ ਸਹਾਇਤਾ ਕਰਦਾ ਹੈ।

ਕੈਨੇਡਾ ਵਿੱਚ ਮਨਜੂਰ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਉਪਲਬਧ ਸਾਰੇ ਟੀਕੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ ਅਤੇ ਕੋਵਿਡ-19 ਤੋਂ ਤੁਹਾਡੀ ਰੱਖਿਆ ਵਿੱਚ ਸਹਾਇਤਾ ਕਰਨਗੇ। ਟੀਕੇ ਗੰਭੀਰ ਬਿਮਾਰੀ ਅਤੇ ਮੌਤ ਦੇ ਖਿਲਾਫ ਉੱਚ ਪੱਧਰ ਦੀ ਸੁਰੱਖਿਆ ਦਰਸਾਉਂਦੇ ਹਨ ਅਤੇ ਹਰ ਟੀਕਾ ਜੋ ਸਾਨੂੰ ਲਗਾਇਆ ਜਾਂਦਾ ਹੈ, ਉਹ ਸਾਨੂੰ, ਸਾਡੇ ਅਜ਼ੀਜ਼ਾਂ ਅਤੇ ਸਾਡੇ ਭਾਈਚਾਰੇ ਨੂੰ ਵਧੇਰੇ ਸੁਰੱਖਿਅਤ ਬਣਾਉਂਦਾ ਹੈ।

ਕੋਵਿਡ-19 ਬਾਰੇ ਵਧੇਰੇ ਜਾਣਕਾਰੀ ਲਈ ਜਾਓ: fraserhealth.ca/covid19

-30-

ਮੀਡੀਆ ਪੁੱਛ-ਗਿੱਛ ਲਈ ਕਿਰਪਾ ਕਰਕੇ ਸੰਪਰਕ ਕਰੋ:
ਫਰੇਜ਼ਰ ਹੈਲਥ ਮੀਡੀਆ ਲਾਈਨ: 604-613-0794
media@fraserhealth.ca



2021 BC's Top Employers